ਵੱਲੋ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਅਪਰੂਵਿੰਗ ਅਥਾਰਟੀਆਂ
ਰਜਿਸਟਰਾਰ (ਅਪਰੂਵਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ: ਜਲੰਧਰ।
3. ਇੰਡੀਅਨ ਇੰਸ : ਆਫ ਟੈਕ : ਰੋਪੜ।
4. ਸੰਤ ਲੋਂਗੋਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ।
6. ਥਾਪਰ ਯੂਨੀਵਰਸਿਟੀ ਪਟਿਆਲਾ ।
7 ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।
8. ਸੈਂਟਰਲ ਇੰਸ: ਆਫ ਪਲਾਸਟਿਕ ਇੰਜ:ਐਂਡ ਟੈਕਨਾਲੋਜੀ ਅੰਮ੍ਰਿਤਸਰ।

9-24 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ , ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜਪੁਰ, ਬਡਬਰ ਅਤੇ ਤਲਵਾੜਾ ।

25-30 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ

31 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ ।

ਮੀਮੋ ਨੰ:1/ਟੀਈ/੨੫੫-੭੫ /ਸਕਾਲਰਸ਼ਿਪ/ ਮਿਤੀ: 2/3/17

ਵਿਸ਼ਾ - **ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹਹੀਆਂ ਵਿਦਿਆਰਥਣਾਂ ਨੂੰ ਸਪੈਸ਼ਲ ਗਰਾਂਟ ਦੇਣ ਲਈ ਸਾਲ 2014-15, 2015-16 ਅਤੇ 2016-17 ਦੌਰਾਨ ਤਜਵੀਜਾਂ ਭੇਜਣ ਸਬੰਧੀ।**

ਇਸ ਪੱਤਰ ਨਾਲ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ ਪੰਜਾਬ ਚੰਡੀਗੜ੍ਹ ਪਾਸੋਂ ਪ੍ਰਾਪਤ ਪੱਤਰ ਨੰ: ਸ-17/8990-8993 ਮਿਤੀ: 01-03-17 ਦੀ ਕਾਪੀ ਭੇਜਦੇ ਹੋਏ ਹਦਾਇਤ ਕੀਤੀ ਜਾਦੀ ਹੈ ਕਿ ਜੇਕਰ ਆਪ ਦੀ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਦੀਆਂ ਵਿਦਿਆਰਥਣਾਂ ਪੱਤਰ ਵਿੱਚ ਦਰਸਾਈਆਂ ਸ਼ਰਤਾਂ ਪੂਰੀਆਂ ਕਰਦੀਆਂ ਹਨ ਤਾਂ ਉਹਨਾਂ ਵਿਦਿਆਰਥਣਾਂ ਦੀਆਂ ਤਜਵੀਜਾਂ ਤੁਰੰਤ ਸੀ.ਡੀ. ਸਮੇਤ ਇਸ ਦਫਤਰ ਨੂੰ ਭੇਜੀਆਂ ਜਾਣ।

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ/-ਉਪਰੋਕਤ ਅਨੁਸਾਰ।

ਪਿੱਠ ਅੰਕਣ ਨੰ: 1ਟੀਈ./ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ ਪੰਜਾਬ ਚੰਡੀਗੜ੍ਹ ਪਾਸੋਂ ਪ੍ਰਾਪਤ ਪੱਤਰ ਨੰ: ਸ-17/8990-8993 ਮਿਤੀ: 01-03-17 ਦੇ ਹਵਾਲੇ ਵਿੱਚ ਅੰਤਰਿਮ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

**ਡਾਇਰੈਕਟੋਰੇਟ**
**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,**
**ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ**
**ਟੈਲੀਫੋਨ ਨੰ: 2600588, 2602912 (ਫੈਕਸ)**

ਸੇਵਾ ਵਿਖੇ,

1) ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

2) ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿੱਖਿਆ,
ਪੰਜਾਬ, ਚੰਡੀਗੜ੍ਹ।

3) ਡੀ.ਪੀ.ਆਈ.(ਕਾਲਜਿਸ),
ਪੰਜਾਬ, ਚੰਡੀਗੜ੍ਹ।

4) ਡੀ.ਪੀ.ਆਈ.(ਸਕੂਲਜ),
ਪੰਜਾਬ,ਚੰਡੀਗੜ੍ਹ।

ਮੀਮੋਂ ਨੰਬਰ:ਸ-17/ 8990-8993
ਮਿਤੀ, ਚੰਡੀਗੜ੍ਹ 1/3/2017

ਵਿਸ਼ਾ:- ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ ਰੀਆਂ ਵਿਦਿਆਰਥਣਾ ਨੂੰ ਸਪੈਸ਼ਲ ਗਰਾਂਟ ਦੇਣ ਲਈ ਸਾਲ 2014-15,2015-16 ਅਤੇ 2016-17 ਦੌਰਾਨ ਤਜਵੀਜ਼ਾਂ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ 2016-17 ਦੌਰਾਨ ਅਨੁਸੂਚਿਤ ਜਾਤੀਆਂ ਦੀਆਂ ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦੇਣ ਦੀ ਸਕੀਮ ਤਹਿਤ ਅਨੁਸੂਚਿਤ ਜਾਤੀ ਦੀਆਂ ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਦੇ ਸਕਾਲਰਸ਼ਿਪ ਤੋਂ ਇਲਾਵਾ ਹਾਇਰ ਸਟੱਡੀ ਕਰਨ ਦੇ ਇਵਜ ਵਜੋਂ ਉਤਸਾਹਿਤ ਕਰਨ ਲਈ ਵਿਸ਼ੇਸ਼ ਸਹਾਇਤਾ ਪੋਸਟ ਮੈਟ੍ਰਿਕ ਵਿਦਿਆਰਥਣ ਲਈ 50/- ਪ੍ਰਤੀ ਮਹੀਨਾ ਅਤੇ ਪੋਸਟ ਗਰੈਜੂਏਟ ਵਿਆਰਥਣ ਲਈ 60/-ਰੁ: ਪ੍ਰਤੀ ਮਹੀਨਾ ਸਪੇਸ਼ਲ ਗਰਾਂਟ ਦਿੱਤੀ ਜਾਣੀ ਹੈ। ਇਹ ਲਾਭ ਉਨ੍ਹਾਂ ਵਿਦਿਆਰਥਣਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ 60,965/- ਰੁ: ਤੋਂ ਵੱਧ ਨਾ ਹਵੇ। ਸਾਲ 2016-17 ਦੌਰਾਨ ਦੀ ਤਜਵੀਜ਼ ਅਜੇ ਤੱਕ ਆਪ ਦੇ ਵਿਭਾਗ ਵਲੋਂ ਪ੍ਰਾਪਤ ਨਹੀਂ ਹੋਈ।

ਸਾਲ 2016-17 ਦੌਰਾਨ ਯੋਗ ਵਿਦਿਆਰਥੀਆਂ ਸਮੇਤ ਸਾਲ 2014-15 ਅਤੇ 2015-16 ਦੌਰਾਨ ਇਸ ਸਕੀਮ ਤਹਿਤ ਬੈਕਲਾਗ ਵਜੋਂ ਯੋਗ ਵਿਦਿਆਰਥੀਆਂ ਦੀ ਤਜਵੀਜ਼ ਸਮੇਤ ਸੀ.ਡੀਜ਼ ਮਿਤੀ 2-03-2017 ਤੱਕ ਭੇਜੀ ਜਾਵੇ।

ਡਿਪਟੀ ਡਾਇਰੈਕਟਰ